# ਪੀੜਾਂ ਨਸ਼ੇ ਦੀਆਂ

**ਇਸੇ ਕਲਮ ਤੋਂ**

* ਜੰਗ ਜਾਰੀ ਹੈ
* ਤਾਰਿਆਂ ਦੀ ਦੁਨੀਆਂ

# ਪੀੜਾਂ ਨਸ਼ੇ ਦੀਆਂ

ਐਚ ਸੀ ਅਰੋੜਾ

*Poetry/ Punjabi Poetry*

*ISBN:* 978-93-5068-937-0

**Peerahan Nashe Diyan**

*by*

**Hari Chand Arora**

# 2299, Sector- 44 C

Chandigarh

Phone. 98140-13764

hcarora.highcourt@gmail.com

2014
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
email : lokgeetparkashan@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2014*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


| | | |
|---|---|---|
| * | ਮੁੱਖ-ਬੰਦ | 7 |
| * | ਪੀੜਾਂ ਨਸ਼ੇ ਦੀਆਂ | 9 |
| * | ਮੈਂ ਛੱਡ ਦੇਵਾਂਗਾ ਨਸ਼ਿਆਂ ਨੂੰ | 10 |
| * | ਜਲ ਤੂੰ ਜਲਾਲ ਤੂੰ | 11 |
| * | ਰਣ ਗਗਨ ਦਮਾਮਾ ਵੱਜਿਆ | 12 |
| * | ਨਸ਼ਿਆਂ ਦੇ ਪਿੰਡ | 13 |
| * | ਨਸ਼ੇੜੀਆਂ ਨੂੰ ਨਸੀਹਤ | 14 |
| * | ਨਸ਼ਿਆਂ ਕੋਲੋਂ ਦੂਰ ਹੀ ਰਹਿਣਾ | 15 |
| * | ਨਸ਼ੇ ਵਿੱਚ ਗੱਡੀ ਨਹੀਂ ਚਲਾਈਦੀ | 16 |
| * | ਸਿਗਰਟ ਬੀੜੀ | 17 |
| * | ਬੋਤਲੇ ਸ਼ਰਾਬ ਦੀਏ | 18 |
| * | ਜੰਗ ਨਹੀਂ ਛੱਡਣੀ ਅੱਧ ਵਿਚਕਾਰ | 19 |
| * | ਨਸ਼ਿਆਂ ਵਾਲੀ ਟਰੇਨ | 20 |
| * | ਸਮੈਕ ਨੂੰ | 21 |
| * | ਬੋਲੀਆਂ | 22 |
| * | ਡੌਂਟ ਗਲੌਰੀਫਾਈ ਡਰੱਗਜ਼ | 23 |
| * | ਰੋਂਦੇ ਬਾਪੂ ਨੂੰ ਆ ਜੋ ਚੁੱਪ ਕਰਾਈਏ | 24 |
| * | ਸਿਗਰਟ ਬੀੜੀ ਨੂੰ | 25 |
| * | ਹੋਮਿਓਪੈਥੀ | 26 |
| * | ਮੈਂ ਸੌਹਰੀਂ ਨਹੀਂ ਜਾਣਾ | 27 |

* ਅੱਧੀ ਅਧੂਰੀ ਜੰਗ 28
* ਅਸੀਂ ਹੁੰਦੇ ਜੱਟ ਵੱਖਰੇ 29
* ਗਭਰੂ ਪੁੱਤਰ ਮਾਵਾਂ ਦੇ 30
* ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ 31
* ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ 32

# ਮੁੱਖ-ਬੰਦ

ਮੇਰੀ ਇਹ ਕਿਤਾਬ ਪੰਜਾਬ ਵਿਚ ਵਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਵੱਲੋਂ ਪੰਜਾਬ ਦੀ ਜਨਤਾ ਨੂੰ ਦਿੱਤੇ ਗਏ ਦਰਦ ਦੇ ਵਿਰੋਧ ਵਿਚ ਉਭਰੀ ਹੈ। ਮੇਰੀ ਇਹ ਮਾਨਤਾ ਹੈ ਕਿ ਪੰਜਾਬ ਦੇ ਭੋਲੇ ਭਾਲੇ ਬੱਚੇ ਜੋ ਨਸ਼ਿਆਂ ਦੀ ਦਲਦਲ ਵਿਚ ਫਸ ਗਏ ਹਨ, ਅਪਰਾਧੀ ਨਹੀਂ, ਬਲਕਿ ਪੀੜਤ ਹਨ। ਉਹਨਾਂ ਦਾ ਉਪਚਾਰ ਕਰਵਾਉਣਾ ਸਮਾਜ ਅਤੇ ਸਰਕਾਰ ਦੀ ਸਾਂਝੀ ਜ਼ਿੰਮੇਵਾਰੀ ਹੈ। ਇਹਨਾਂ ਨਸ਼ਾ ਪੀੜਤਾਂ ਨੂੰ ਮੁੜ-ਵਸੇਬਾ ਦੇਣ ਦੀ ਜ਼ਿੰਮੇਵਾਰੀ ਵੀ ਸਮਾਜ ਅਤੇ ਸਰਕਾਰ ਦੀ ਹੀ ਹੈ। ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਉਭਾਰਨਾਂ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਸਕੂਲ ਪੜ੍ਹਨ ਜਾਣ ਵਾਲੇ ਬੱਚਿਆਂ ਨੂੰ ਨਸ਼ਿਆਂ ਦੀ ਵਰਤੋਂ ਦੇ ਵਿਰੁੱਧ ਸੁਚੇਤ ਅਤੇ ਜਾਗਰਤ ਕਰਨ ਦੀ ਜ਼ਿੰਮੇਵਾਰੀ ਵੀ ਸਰਕਾਰ ਦੀ ਹੈ। ਮੈਨੂੰ ਆਸ ਹੈ ਕਿ ਮੇਰੀ ਇਹ ਛੋਟੀ ਜਿਹੀ ਕਿਤਾਬ ਨਸ਼ਿਆਂ ਦੀ ਤਰਾਸਦੀ ਦੇ ਹਰ ਪਹਿਲੂ ਨੂੰ ਉਭਾਰਣ ਵਿਚ ਆਪਣਾ ਯੋਗਦਾਨ ਪਾਵੇਗੀ।

**ਚੰਡੀਗੜ੍ਹ** — **ਐਚ ਸੀ ਅਰੋੜਾ**
**15 ਅਗਸਤ, 2014** — **ਐਡਵੋਕੇਟ**

## ਪੀੜਾਂ ਨਸ਼ੇ ਦੀਆਂ

ਫੌਜੀ ਬਾਡਰ ਤੇ
ਥੋੜ੍ਹਾ ਵੀ ਸੁਸਤਾਵੇ
ਪੀੜਾਂ ਨਸ਼ੇ ਦੀਆਂ
ਸਾਰਾ ਦੇਸ਼ ਹੰਢਾਵੇ।

ਪੁਲਸ ਸਮਗਲਰ ਦੀ
ਕਠਪੁਤਲੀ ਬਣ ਜਾਵੇ
ਪੀੜਾਂ ਨਸ਼ੇ ਦੀਆਂ
ਸਾਰਾ ਦੇਸ਼ ਹੰਢਾਵੇ।

ਨਸ਼ੇ ਵੇਚਦਾ ਹੀ
ਜੇ ਡਾਕਟਰ ਫੜਿਆ ਜਾਵੇ
ਪੀੜਾਂ ਨਸ਼ੇ ਦੀਆਂ
ਸਾਰਾ ਦੇਸ਼ ਹੰਢਾਵੇ।

ਨੇਤਾ ਮਾਫੀਏ ਤੇ
ਮੇਹਰਬਾਨ ਹੋ ਜਾਵੇ
ਪੀੜਾਂ ਨਸ਼ੇ ਦੀਆਂ
ਸਾਰਾ ਦੇਸ਼ ਹੰਢਾਵੇ।

ਰੋਲ ਦਾ ਮਾਡਲ ਹੀ ਜੇ
ਦਾਰੂ ਦੇ ਗੁਣ ਗਾਵੇ
ਪੀੜਾਂ ਨਸ਼ੇ ਦੀਆਂ
ਸਾਰਾ ਦੇਸ਼ ਹੰਢਾਵੇ।

ਉਂਗਲੀ ਸ਼ੰਕੇ ਦੀ
ਜੇ ਨੇਤਾ ਜੀ ਵੱਲ ਜਾਵੇ
ਪੀੜਾਂ ਨਸ਼ੇ ਦੀਆਂ
ਸਾਰਾ ਦੇਸ਼ ਹੰਢਾਵੇ।

## ਮੈਂ ਛੱਡ ਦੇਵਾਂਗਾ ਨਸ਼ਿਆਂ ਨੂੰ

ਮੈਂ ਛੱਡ ਦੇਵਾਂਗਾ ਨਸ਼ਿਆਂ ਨੂੰ
ਮੇਰੇ ਨਾਲ ਖੁਲ੍ਹ ਕੇ ਗੱਲ ਕਰੋ
ਜੋ ਮੇਰੇ ਦੁੱਖ ਦੇ ਕਾਰਣ ਨੇ
ਕੋਈ ਉਹਨਾਂ ਦਾ ਵੀ ਹੱਲ ਕਰੋ

ਮੈਂ ਨਸ਼ਿਆਂ ਦੇ ਇਸ ਮੌਹਰੇ ਨੂੰ
ਕੋਈ ਖੁਸ਼ੀ ਨਾਲ ਤਾਂ ਨਹੀਂ ਪੀਤਾ
ਨਸ਼ਿਆਂ ਦੀ ਚਾਰ ਦਿਵਾਰੀ ਵਿਚ
ਮੈਂ ਆਪਣੇ ਆਪ ਨੂੰ ਬੰਦ ਕੀਤਾ

ਇਹ ਜੰਗ ਨਹੀਂ ਮੇਰੇ ਕੱਲੇ ਦੀ
ਇਹ ਦੇਸ਼ ਦੀ ਇਕ ਲੜਾਈ ਹੈ
ਇਹ ਉਗਰਵਾਦ ਦੇ ਵਾਂਗਰ ਹੀ
ਸਰਹੱਦਾਂ ਲੰਘ ਕੇ ਆਈ ਹੈ

ਜੇ ਮਾਤਰ ਇਕ ਨਸ਼ੇੜੀ ਨੂੰ
ਤੁਸੀਂ ਗੱਲ ਨਾਲ ਆਪਣੇ ਲਾ ਸਕਦੇ
ਤੇ ਉਸ ਦੀ ਕੁਲ ਦਵਾਈ ਦਾ
ਤੁਸੀਂ ਖਰਚਾ ਖੁਦ ਉਠਾ ਸਕਦੇ

ਜੇ ਸਾਡੀ ਵਿਚ ਪੜ੍ਹਾਈ ਦੇ
ਨਸ਼ਿਆਂ ਦਾ ਵਿਸ਼ਾ ਵੀ ਪਾ ਦੇਈਏ
ਨਸ਼ਾ ਲੈਣ ਦੇ ਖ਼ਤਰੇ ਤੋਂ
ਬੱਚਿਆਂ ਨੂੰ ਕਰ ਅਗਾਹ ਦੇਈਏ

ਸਾਨੂੰ ਹੀ ਗਾਲਾਂ ਨਾ ਕੱਢੋ
ਕੋਈ ਹੋਰ ਉਸਾਰੂ ਗੱਲ ਕਰੋ
ਕੁਝ ਆਪਣਿਆਂ ਦੇ ਨਾਲ ਲੜੋ
ਕੁਝ ਮੂੰਹ ਬਾਰਡਰ ਦੇ ਵੱਲ ਕਰੋ

ਨਾ ਤਾੜੋ ਮੈਨੂੰ ਪਿੰਜਰੇ ਵਿੱਚ
ਖੁੱਲ੍ਹੀ ਥਾਂ ਬਹਿ ਕੇ ਗਲ ਕਰੋ
ਮੈਂ ਛੱਡ ਦੇਵਾਂਗਾ ਨਸ਼ਿਆਂ ਨੂੰ
ਮੇਰੇ ਨਾਲ ਖੁੱਲ੍ਹ ਕੇ ਗੱਲ ਕਰੋ
ਜੋ ਮੇਰੇ ਦੁੱਖ ਦੇ ਕਾਰਣ ਨੇ
ਕੋਈ ਉਹਨਾਂ ਦਾ ਵੀ ਹੱਲ ਕਰੋ।

# ਜਲ ਤੂੰ ਜਲਾਲ ਤੂੰ

ਜਲ ਤੂੰ ਜਲਾਲ ਤੂੰ
ਨਸ਼ਿਆਂ ਦੀ ਬਿਪਤਾ ਨੂੰ ਸਾਡੇ ਗਲੋਂ ਟਾਲ ਤੂੰ
ਅਸੀਂ ਤਾਂ ਸਮੱਸਿਆ ਦਾ ਹੱਲ ਨਹੀਉਂ ਕੱਢਿਆ
ਮੁੱਛ ਫੁੱਟ ਮੁੰਡਿਆਂ ਨੂੰ ਜੇਲ੍ਹਾਂ ਵਿਚ ਡੱਕਿਆ
ਬਾਹਰ ਜਦੋਂ ਔਣਗੇ ਤਾਂ ਉਹਨਾਂ ਨੂੰ ਸੰਭਾਲ ਤੂੰ।

ਨਸ਼ਿਆਂ ਦੀ ਜੜ੍ਹ ਵਿੱਚ ਬੇਰੁਜ਼ਗਾਰੀ ਨਹੀਂ
ਨਸ਼ੇੜੀਆਂ ਨੂੰ ਨੌਕਰੀ ਦੀ ਸਾਡੀ ਜ਼ਿੰਮੇਵਾਰੀ ਨਹੀਂ
ਵਸੇਬਿਆਂ ਵਸੂਬਿਆਂ ਦਾ ਹੱਲ ਵੀ ਨਿਕਾਲ ਤੂੰ।

ਐਨ ਜੀ ਓ ਜਿਹੜੇ ਨਸ਼ਿਆਂ ਨੂੰ ਛੁੜਵਾਉਂਦੇ ਨੇ
ਮਿਲੀਆਂ ਗਰਾਂਟਾਂ ਨਹੀਂ ਤੇ ਪਏ ਕੁਰਲਾਉਂਦੇ ਨੇ
ਉਹਨਾਂ ਦੇ ਵੀ ਬਿੱਲ ਹੋ ਸਕੇ ਤਾਂ ਸੰਭਾਲ ਤੂੰ।

ਨਸ਼ਿਆਂ ਦੀ ਜੰਗ ਦਾ ਵੀ ਯੱਭ ਗਲੇ ਪਾ ਲਿਆ
ਲਗਦਾ ਹੈ ਮੋਇਆ ਹੋਇਆ ਸੱਪ ਗਲੇ ਪਾ ਲਿਆ
ਸਾਡੀ ਇਸ ਬਿਪਤਾ ਦਾ ਹੱਲ ਵੀ ਨਿਕਾਲ ਤੂੰ।

ਜਲ ਤੂੰ ਜਲਾਲ ਤੂੰ
ਨਸ਼ਿਆਂ ਦੀ ਬਿਪਤਾ ਨੂੰ ਸਾਡੇ ਗਲੋਂ ਟਾਲ ਤੂੰ।

## ਰਣ ਗਗਨ ਦਮਾਮਾ ਵੱਜਿਆ

ਰਣ ਗਗਨ ਦਮਾਮਾ ਵੱਜਿਆ ਸਿੰਘੋ ਸਰਦਾਰੋ
ਵੈਰੀ ਚੜ੍ਹ ਕੇ ਆ ਗਏ ਤੁਸੀਂ ਜਾ ਲਲਕਾਰੋ
ਤਸਕਰ ਚੜ੍ਹ ਕੇ ਆ ਗਏ ਤੁਸੀਂ ਜਾ ਲਲਕਾਰੋ।

ਮੇਰੇ ਪੰਜਾਬ ਦੇ ਜੋਬਨ ਤੇ ਨਸ਼ਿਆਂ ਦਾ ਹਮਲਾ
ਕੀਹਨੇ ਕੀਤਾ ਸਾਰੇ ਜਾਣਦੇ ਏਥੇ ਕੋਈ ਨਹੀਂ ਕਮਲਾ
ਕੱਲੇ ਕੱਲੇ ਨੂੰ ਛਾਂਟ ਕੇ ਸ਼ਿਦਤ ਨਾਲ ਮਾਰੋ
ਰਣ ਗਗਨ ਦਮਾਮਾ ਵੱਜਿਆ........।

ਕੁਝ ਨਵੀਂ ਕਿਸਮ ਦੇ ਕੋੜਕੂ ਸਾਡੀ ਦਾਲ ਚ ਆ ਗਏ
ਹੁਣ ਦਾਲ ਨਹੀਂ ਕਿਧਰੇ ਵਿਖਦੀ ਕੋੜਕੂ ਹੀ ਛਾ ਗਏ
ਇਹਨਾਂ ਕੋੜਕੂਆਂ ਨੂੰ ਕੱਢ ਕੇ ਨਾਲੀ ਵਿੱਚ ਮਾਰੋ
ਰਣ ਗਗਨ ਦਮਾਮਾ ਵੱਜਿਆ........।

ਸਾਡੇ ਵਿਚ ਪੈਦਾ ਹੋ ਗਏ ਕੁੱਝ ਸ਼ਾਹ ਅਬਦਾਲੀ
ਕੋਈ ਸੁੱਕਾ ਵਾਪਸ ਜਾਏ ਨਾ ਪੰਜਾਬ ਚੋਂ ਖਾਲੀ
ਨਸ਼ਿਆਂ ਦੀਆਂ ਖੇਪਾਂ ਸਾਹਮਣੇ ਇਹਨਾਂ ਦੇ ਸਾੜੋ
ਰਣ ਗਗਨ ਦਮਾਮਾ ਵੱਜਿਆ........।

ਕਈ ਰਾਜੇ ਸ਼ੀਂਹ ਮੁਕੱਦਮ ਨਾਲੇ ਕੁੱਝ ਕੁੱਤੇ
ਚੋਰੀ ਛਿਪੇ ਆ ਕੇ ਸਾਡੇ ਘਰਾਂ ਚ ਲੁਕੇ
ਇਹਨਾਂ ਨੂੰ ਬਾਹਰ ਘੜੀਸ ਕੇ ਝਾੜੂ ਨਾਲ ਮਾਰੋ
ਰਣ ਗਗਨ ਦਮਾਮਾ ਵੱਜਿਆ.........।

ਘੋਰ ਹਨ੍ਹੇਰੀ ਛਾ ਗਈ ਅਸਮਾਨ ਦੇ ਉੱਤੇ
ਕਈ ਘਰਾਂ ਦੇ ਬਾਹਰ ਤਾਂ ਰੋਂਦੇ ਪਏ ਕੁੱਤੇ
ਹੁਣ ਹੋਰ ਨਾ ਵੇਲਾ ਖੁੰਝਿਓ ਸਿੰਘੋ ਸਰਦਾਰੋ
ਤਸਕਰ ਚੜ੍ਹ ਕੇ ਆ ਗਏ ਤੁਸੀਂ ਜਾ ਲਲਕਾਰੋ।

## ਨਸ਼ਿਆਂ ਦੇ ਪਿੰਡ

ਜੀ ਕਰਦੈ ਮੈਂ ਲੈ ਕੇ ਸੁਨੇਹਾ
ਨਸ਼ਿਆਂ ਦੇ ਪਿੰਡ ਜਾਵਾਂ
ਆਪਣੀ ਨਵੀਂ ਕਿਤਾਬ ਦਾ ਓਥੇ
ਜਾ ਕੇ ਘੁੰਡ ਚੁਕਾਵਾਂ।

ਪਤਨੀ ਉਸ ਦਿਨ ਨੂੰ ਪਛਤਾਉਂਦੀ
ਜਦੋਂ ਸੀ ਲਈਆਂ ਲਾਵਾਂ
ਪਤੀ ਨਾ ਧੇਲਾ ਇਕ ਕਮਾਉਂਦਾ
ਬੱਚਿਆਂ ਨੂੰ ਕੀ ਖੁਆਵਾਂ।

ਪੁੱਤਾਂ ਤੋਂ ਦੁਖੀ ਹੋਈਆਂ ਜਿੱਥੇ
ਰੱਬ ਵਰਗੀਆਂ ਮਾਵਾਂ
ਪੁੱਤਰ ਨਸ਼ੇ 'ਚ ਟੱਲੀ ਰਹਿੰਦੇ
ਘਰੇ ਉਡੀਕਣ ਮਾਵਾਂ।

ਪਤੀ ਆਖਦਾ ਬਿਨ ਰੁਜਗਾਰੋਂ
ਦੱਸ ਮੈਂ ਕਿੱਥੇ ਜਾਵਾਂ
ਕੀ ਨਹਾਵਾਂ ਕੀ ਨਿਚੋੜਾਂ
ਕੀ ਕਮਾ ਕੇ ਲਿਆਵਾਂ।

ਸਰਕਾਰ ਕਹੇ ਮੇਰੇ ਬੜੇ ਰੁਝੇਵੇਂ
ਕਿੱਥੋਂ ਟੈਮ ਲਿਆਵਾਂ
ਕਿਸ ਤਰ੍ਹਾਂ ਮੈਂ ਘਰਾਂ 'ਚ ਜਾ ਕੇ
ਸੱਭ ਦਾ ਦੁੱਖ ਵੰਡਾਵਾਂ।

ਹਰ ਇਕ ਨੂੰ ਰੁਜ਼ਗਾਰ ਦੇਣ ਲਈ
ਕਿੱਥੋਂ ਕੰਮ ਲਿਆਵਾਂ
ਲੱਖਾਂ ਵਿੱਚ ਨਸ਼ੇੜੀ ਹੋ ਗਏ
ਮੁੱਕਦੀਆਂ ਜਾਣ ਦਵਾਵਾਂ

ਮੈਂ ਹਾਂ ਬੇਵੱਸ ਮਾਂ ਦੇ ਵਾਂਗਰ
ਖੁੱਲ੍ਹੀਆਂ ਮੇਰੀਆਂ ਬਾਹਵਾਂ
ਸੰਗਤ ਦਰਸ਼ਨ ਕਰ ਕੇ ਮੈਂ ਤਾਂ
ਸਭ ਨੂੰ ਗਲੇ ਲਗਾਵਾਂ।

# ਨਸ਼ੇੜੀਆਂ ਨੂੰ ਨਸੀਹਤ

ਗਮਾਂ ਵਿਚ ਨਸ਼ਿਆਂ ਦਾ
ਅੱਕ ਨਹੀਉਂ ਚੱਬੀਦਾ
ਬਿਪਤਾ ਦਾ ਹੱਲ
ਨਸ਼ਿਆਂ ਚ ਨਹੀਉਂ ਲੱਭੀਦਾ

ਇੱਕ ਗਲ ਭੇਤ ਵਾਲੀ
ਦੱਸਾਂ ਮੈਂ ਜਨਾਬ ਨੂੰ
ਕੰਮ ਦਾ ਜੋ ਨਸ਼ਾ
ਪਿੱਛੇ ਛਡਦਾ ਸ਼ਰਾਬ ਨੂੰ

ਨੀਮਾਂ ਤੇ ਹਕੀਮਾਂ ਕੋਲ
ਕਦੇ ਨਹੀਉਂ ਫਸੀਦਾ
ਮਾਹਰਾਂ ਦੇ ਕੋਲ ਜਾ ਕੇ
ਸਾਰਾ ਹਾਲ ਦੱਸੀਦਾ

ਕਦੇ ਖੰਭ ਮੰਗ ਕੇ
ਉਡਾਰੀ ਨਹੀਉਂ ਲਾਈਦੀ
ਆਪਣੇ ਤੋਂ ਵੱਡੇ ਨਾਲ
ਯਾਰੀ ਨਹੀਉਂ ਪਾਈਦੀ

ਕਾਮਯਾਬੀਆਂ ਲਈ ਛੋਟਾ
ਰਾਹ ਨਹੀਉਂ ਲਭੀਦਾ
ਨਸ਼ਾ ਲੱਗ ਜਾਵੇ
ਇਕ ਦੱਮ ਨਹੀਉਂ ਛੱਡੀਦਾ

ਮਾਹਰਾਂ ਦੇ ਪੂਰਣਿਆਂ
ਉੱਤੇ ਲਿਖੀ ਜਾਈਦਾ
ਹੌਲੀ ਹੌਲੀ ਨਸ਼ਿਆਂ ਦੇ
ਰੋਗ ਨੂੰ ਭੁਲਾਈਦਾ

ਭੁੱਲ ਜਾਓ ਹੁਣ
ਬੀਤ ਚੁੱਕੀ ਓਸ ਸ਼ਾਮ ਨੂੰ
ਮੁੜਕੇ ਨਹੀਂ ਲੈਣਾ
ਅਸੀਂ ਨਸ਼ਿਆਂ ਦੇ ਨਾਂਵ ਨੂੰ।

## ਨਸ਼ਿਆਂ ਕੋਲੋਂ ਦੂਰ ਹੀ ਰਹਿਣਾ

ਬੱਚਿਓ ਮੰਨ ਲਓ ਮੇਰਾ ਕਹਿਣਾਂ
ਨਸ਼ਿਆਂ ਕੋਲੋਂ ਦੂਰ ਹੀ ਰਹਿਣਾ
ਇਕ ਵਾਰੀ ਨਸ਼ਿਆਂ ਦੀ ਆਦਤ
ਜਿਸ ਬੱਚੇ ਨੂੰ ਪੈ ਜਾਂਦੀ ਹੈ
ਉਸ ਬੱਚੇ ਦੀ ਜ਼ਿੰਦਗੀ ਨੂੰ ਉਹ
ਨਰਕ ਦੇ ਅੰਦਰ ਲੈ ਜਾਂਦੀ ਹੈ
ਚੰਗੇ ਘਰਾਂ ਦੇ ਬੱਚਿਆਂ ਨੂੰ ਵੀ
ਚੋਰੀ ਦੀ ਆਦਤ ਪੈ ਜਾਂਦੀ ਹੈ
ਮਾੜੀ ਸੰਗਤ ਦੇ ਵਿੱਚ ਪੈ ਕੇ
ਮਾੜੇ ਕਰਮ ਕਮਾਵਣ ਲਗਦਾ
ਅਪਰਾਧਾਂ ਦੀ ਦੁਨੀਆ ਅੰਦਰ
ਹੌਲੀ ਹੌਲੀ ਜਾਵਣ ਲੱਗਦਾ
ਆਪਣੀ ਜ਼ਿੰਦਗੀ ਨਰਕ ਬਣਾਉਂਦਾ
ਮੰਮੀ ਪਾਪਾ ਨੂੰ ਤੜਫਾਉਂਦਾ
ਲੁਧਿਆਣੇ ਡਾਕਟਰ ਦਾ ਬੇਟਾ
ਓਵਰਡੋਜ਼ ਨਾਲ ਮਰ ਗਿਆ
ਆਪਣੇ ਮਾਤਾ ਪਿਤਾ ਦੀ ਦੁਨੀਆਂ
ਬਿਲਕੁਲ ਸੁੰਨੀ ਕਰ ਗਿਆ
ਬੱਚਿਓ ਮੰਨ ਲਓ ਮੇਰਾ ਕਹਿਣਾ
ਨਸ਼ਿਆਂ ਕੋਲੋਂ ਦੂਰ ਹੀ ਰਹਿਣਾ

# ਨਸ਼ੇ ਵਿੱਚ ਗੱਡੀ ਨਹੀਂ ਚਲਾਈਦੀ

ਪਾਪਾ ਕਦੇ ਨਸ਼ੇ ਵਿਚ ਗੱਡੀ ਨਹੀਂ ਚਲਾਈਦੀ
ਕਿਸੇ ਦੀ ਵੀ ਜਾਨ ਖਤਰੇ ਚ ਨਹੀਉਂ ਪਾਈਦੀ
ਘਰਾਂ ਵਿਚ ਬੱਚੇ ਸਾਰੇ ਪਾਪਾ ਨੂੰ ਉਡੀਕਦੇ
ਪਾਪਾ ਕੀ ਲਿਆਊ ਬੈਠੇ ਸੁਪਨੇ ਉਲੀਕਦੇ
ਬੱਚਿਆਂ ਦੇ ਸੁਪਨੇ ਤੇ ਗਾਜ਼ ਨਹੀਂ ਗਿਰਾਈਦੀ
ਪਾਪਾ ਕਦੇ ਨਸ਼ੇ ਵਿਚ ਗੱਡੀ ਨਹੀਂ ਚਲਾਈਦੀ
ਮੌਤ ਦੀ ਨਹੀਂ ਫੋਟੋ ਕਦੇ ਕਾਰ ਮੂਹਰੇ ਲਾਈਦੀ
ਪਾਪਾ ਕਦੇ ਨਸ਼ੇ ਵਿੱਚ ਗੱਡੀ ਨਹੀਂ ਚਲਾਈਦੀ

# ਸਿਗਰਟ ਬੀੜੀ

ਆਪਣੇ ਪੇਟ 'ਚ ਅੱਗ ਲਗਾ ਕੇ
ਧੂੰਆਂ ਕਦੇ ਨਹੀਂ ਕੱਢੀਦਾ
ਕੈਂਸਰ ਤੇ ਤਪਦਿਕ ਨੂੰ
ਇਸ ਤਰ੍ਹਾਂ ਨਹੀਂ ਸੱਦੀਦਾ
ਆਪਣੀ ਅਨਮੋਲ ਜ਼ਿੰਦਗੀ
ਐਵੇਂ ਨਹੀਂ ਗਾਲੀਦੀ
ਫੂਸ ਦੀ ਢੇਰੀ ਕੋਲੇ
ਅੱਗ ਨਹੀਂ ਬਾਲੀਦੀ
ਆਪਣੇ ਹੀ ਫੇਫੜਿਆਂ ਨੂੰ
ਐਦਾਂ ਨਹੀਂ ਸਾੜੀਦਾ
ਜ਼ਿੰਦਗੀ ਦੇ ਵਰਕੇ ਨੂੰ
ਐਵੇਂ ਨਹੀਂ ਫਾੜੀਦਾ
ਸਿਗਰਟ ਦੀ ਧੂਫ਼ ਐਦਾਂ
ਘਰੇ ਨਹੀਂ ਧੁਖਾਈਦੀ
ਬੱਚਿਆਂ ਦੀ ਜਾਨ ਨਹੀਉਂ
ਜੋਖਮ ਵਿਚ ਪਾਈਦੀ
ਜਲਦੀ ਤੋਂ ਜਲਦੀ ਛੱਡ ਦੇ
ਸਿਗਰਟ ਤੇ ਬੀੜੀ ਨੂੰ
ਜੇਕਰ ਤਪਦਿਕ ਨਹੀਂ ਦੇਣਾ
ਪੀੜ੍ਹੀ ਦਰ ਪੀੜ੍ਹੀ ਨੂੰ।

# ਬੋਤਲੇ ਸ਼ਰਾਬ ਦੀਏ

ਬੋਤਲੇ ਸ਼ਰਾਬ ਦੀਏ
ਡੈਣ ਬਣ ਗਈ ਤੂੰ
ਰੰਗਲੇ ਪੰਜਾਬ ਨੂੰ
ਖਾ ਕੇ ਹੀ ਰਹੀ ਤੂੰ।

ਗਭਰੂ ਪੰਜਾਬ ਦੇ
ਬਣ ਗਏ ਗੁਲਾਮ ਤੇਰੇ
ਨੱਚ ਨੱਚ ਗਾਉਂਦੇ ਨੇ ਉਹ
ਗੀਤ ਸ਼ਰ੍ਹੇ ਆਮ ਤੇਰੇ।

ਖਾਲਸੇ ਦਾ ਰਾਜ ਹੋਵੇ
ਵਿਕਦੀ ਸ਼ਰਾਬ ਹੋਵੇ
ਆਪਣੇ ਪੰਜਾਬ ਉੱਤੇ
ਕਿਵੇਂ ਸਾਨੂੰ ਨਾਜ਼ ਹੋਵੇ ?

ਚੰਦਰੀ ਸ਼ਰਾਬ ਦਾ ਤਾਂ
ਇਕੋ ਹੀ ਇਲਾਜ ਹੋਵੇ
ਸਾਰਿਆਂ ਪੰਜਾਬੀਆਂ ਦੀ
ਇਕ ਹੀ ਆਵਾਜ਼ ਹੋਵੇ

ਠੇਕਿਆਂ ਦੀ ਗਿਣਤੀ ਜੇ
ਹਰ ਸਾਲ ਘਟੀ ਜਾਵੇ
ਅੱਠ ਦਸ ਸਾਲਾਂ ਵਿਚ
ਸ਼ਰਾਬ ਇਥੋਂ ਚੱਕੀ ਜਾਵੇ

ਸੱਚੇ ਅਰਥਾਂ ਚ ਫਿਰ
ਪੰਜ-ਆਬ ਬਣੇਗਾ
ਵਰਨਾਂ ਇਹ ਸੂਬਾ
ਸ਼ਰ ਦਾ ਹੀ ਆਬ ਬਣੇਗਾ।

# ਜੰਗ ਨਹੀਂ ਛੱਡਣੀ ਅੱਧ ਵਿਚਕਾਰ

ਇਕ ਵਾਰੀ ਜੇ ਢੋਲ ਦੇ ਉੱਤੇ ਡਗਾ ਦਿੱਤਾ ਮਾਰ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਪਹਿਲੀ ਵਾਰੀ ਜੰਗ ਚ ਹੋਇਆ ਦੁਸ਼ਮਣ ਪੱਬਾਂ ਭਾਰ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਲੁਧਿਆਣੇ ਦੇ ਡਾਕਟਰ ਦਿੱਤਾ ਪੁੱਤਰ ਜੰਗ ਚ ਵਾਰ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਹੁਣ ਤਾਂ ਨਸ਼ਿਆਂ ਦੇ ਵਿਚ ਡੁੱਬੇ ਛੋਟੇ ਛੋਟੇ ਬਾਲ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਲੰਬੀ ਬਹੁਤ ਲੜਾਈ ਚੱਲਣੀ ਲੱਗਣਗੇ ਕਈ ਸਾਲ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਕੱਠੇ ਹੋ ਕੇ ਲੋਹਾ ਲੈਣਾ ਹੈ ਦੁਸ਼ਮਣ ਦੇ ਨਾਲ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਲਾਹ ਕੇ ਸੁੱਟਣਾ ਬੋਝਾ ਜਿਹੜਾ ਬਣ ਚੁੱਕਾ ਹੈ ਭਾਰ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਇਕ ਦੂਜੇ ਨਾਲ ਮੋਢਾ ਜੋੜੋ ਨਰ ਹੋਵੇ ਜਾਂ ਨਾਰ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।
ਜੰਗ ਦਾ ਸਭ ਤੋਂ ਵੱਡਾ ਨੁਕਤਾ ਜੇ ਸਮਝੇ ਸਰਕਾਰ
ਜੰਗ ਨਹੀਂ ਛੱਡਣੀ ਅੱਧ ਵਿਚਕਾਰ।

# ਨਸ਼ਿਆਂ ਵਾਲੀ ਟਰੇਨ

ਪੰਜਾਬ ਦੇ ਵਿੱਚ ਨਹੀਂ ਚੱਲਣ ਦੇਣੀ
ਨਸ਼ਿਆਂ ਵਾਲੀ ਟਰੇਨ
ਜਿੱਥੇ ਛੁਕ ਛੁਕ ਕਰਦੀ ਵੇਖੋ
ਖਿੱਚੋ ਇਸ ਦੀ ਚੇਨ।

ਮਸਾਂ ਮਸਾਂ ਸਰਕਾਰ ਜਾਗੀ
ਸੁਣ ਲੈ ਮੇਰੀ ਭੈਣ
ਮੁੜ ਕੇ ਲੀਡਰ ਸੌਣ ਨਹੀਂ ਦੇਣੇ
ਚਾਹੇ ਕੁਝ ਵੀ ਕਹਿਣ।

ਜਿਸ ਤਰ੍ਹਾਂ ਕੁਰਬਾਨੀ ਦਿੱਤੀ
ਭਗਤ ਸਿੰਘ ਜਿਹੇ ਵੀਰਾਂ
ਉਸੇ ਤਰ੍ਹਾਂ ਹੀ ਜੰਗ ਚ ਆਓ
ਤੁਸੀਂ ਵੀ ਘੱਤ ਵਹੀਰਾਂ

ਲੁਧਿਆਣੇ ਦੇ ਡਾਕਟਰ ਵੇਖੋ
ਕੀਤਾ ਕੰਮ ਲਾਸਾਨੀ
ਨਸ਼ਾ-ਵਿਰੋਧੀ ਜੰਗ ਚ ਦਿੱਤੀ
ਪੁੱਤਰ ਦੀ ਕੁਰਬਾਨੀ।

ਆਓ ਮੇਰੇ ਵੀਰੋ ਭੈਣੋਂ
ਅੱਗੇ ਵਧਦੇ ਆਓ
ਅੱਜ ਤੱਕ ਦੀ ਸਭ ਤੋਂ ਵੱਡੀ
ਜੰਗ ਚ ਹਿੱਸਾ ਪਾਓ।

ਪੰਜਾਬ ਦੇ ਵਿੱਚ ਨਹੀਂ ਚੱਲਣ ਦੇਣੀ
ਨਸ਼ਿਆਂ ਵਾਲੀ ਟਰੇਨ
ਜਿੱਥੇ ਛੁੱਕ ਛੁੱਕ ਕਰਦੀ ਵੇਖੋ
ਖਿੱਚੋ ਇਸ ਦੀ ਚੈਨ।

# ਸਮੈਕ ਨੂੰ

ਕਿਸੇ ਅਫ਼ੀਮ ਦੀ ਪੋਤਰੀ ਲੱਗਦੀ
ਹੈਰੋਇਨ ਦੀ ਧੀ
ਨੀ ਸਮੈਕੇ ਏਥੇ ਕੀ ਕਰਦੀ ?
ਤੂੰ ਅਫਗਾਨਿਸਤਾਨ ਚ ਜੰਮੀ
ਓਥੇ ਹੀ ਜਾ ਕੇ ਜੀ।
ਚੋਰੀ ਨਾਲ ਤੂੰ ਬਾਰਡਰ ਟੱਪ ਕੇ
ਹਿੰਦੁਸਤਾਨ ਚ ਰਹੀ
ਤੂੰ ਨਹੀਂ ਮੇਰੇ ਦੇਸ਼ ਦੀ ਸ਼ਹਿਰਨ
ਏਥੇ ਕੀ ਕਰਦੀ ਨੀ ਸਮੈਕੇ
ਏਥੇ ਕੀ ਕਰਦੀ ?

ਏਥੇ ਹੁਣ ਤੂੰ ਰਹਿ ਨਹੀਂ ਸਕਦੀ
ਜਨਤਾ ਜਾਗ ਹੈ ਪਈ
ਹੁਣ ਨਾਂ ਮੁੜ ਕੇ ਏਥੇ ਆਈਂ
ਬਾਰਡਰ ਪਾਰ ਹੀ ਰਹੀਂ
ਜਨਤਾ ਤੈਨੂੰ ਕੁੱਟ ਕੁੱਟ ਮਾਰੂ
ਜੇ ਤੂੰ ਮੁੜ ਵਿਖ ਗਈ।
ਮੇਰੀ ਪੁਲਿਸ ਪੰਜਾਬ ਦੀ ਐਸੀ
ਜਿਸਦੇ ਪਿੱਛੇ ਪਈ
ਨੀ ਸਮੈਕੇ ਉਸ ਦੀ ਖੈਰ ਨਹੀਂ
ਨੀ ਸਮੈਕੇ ਏਥੇ ਕੀ ਕਰਦੀ
ਏਥੇ ਕੀ ਕਰਦੀ ਨੀ ਸਮੈਕੇ
ਏਥੇ ਕੀ ਕਰਦੀ ?

## ਬੋਲੀਆਂ

ਤੈਨੂੰ ਪਊ ਇਲਾਜ ਕਰਾਉਣਾ
ਤੂੰ ਹੀ ਪੈਸਾ ਲਾਉਣਾ
ਵਰਨਾ ਤੇਰੇ ਉੱਤੇ ਝੂਠਾ
ਕੇਸ ਪਊਗਾ ਪਾਉਣਾ।
ਜੀਵਨ ਦੇ ਅਧਿਕਾਰ ਦਾ ਇਹ ਵੀ
ਪੱਖ ਸਾਹਮਣੇ ਆਉਣਾ
ਐਨ ਡੀ ਪੀ ਐਸ ਦਾ
ਇਹ ਵੀ ਰੂਪ ਡਰਾਉਣਾ।

ਨਸ਼ਾ ਛੁਡਾਊ ਕੇਂਦਰਾਂ ਅੰਦਰ
ਕੈਦੀਆਂ ਵਾਂਗਰ ਤਾੜੇ
ਯੋਗਾ ਦੇ ਨਾਲ ਪੀ ਟੀ ਕਰਦੇ
ਨਾਲੇ ਗਾਉਣ ਪਹਾੜੇ
ਬਾਪੂ ਆਖੇ ਪੁੱਤਰਾ ਤੇਰਾ
ਪਊਗਾ ਨਸ਼ਾ ਛੁਡਾਉਣਾ
ਲਗਦੈ ਛੇ ਮਹੀਨੇ ਤੈਨੂੰ
ਜੇਲ੍ਹ ਚ ਛੱਡ ਕੇ ਆਉਣਾ।

ਸੜਕ ਦੇ ਉੱਤੇ ਭੰਗਾਂ ਉੱਗੀਆਂ
ਜੀ ਕਰਦਾ ਕਿ ਖਾਈਏ
ਵੇਖਿਓ ਕਿਧਰੇ ਪੁਲਿਸ ਨਾ ਆ ਜੇ
ਸੋਚ ਸੋਚ ਘਬਰਾਈਏ
ਸੁਣਨ ਚ ਆਇਆ ਭੰਗ ਦੇ ਬੂਟੇ
ਖਾ ਗਏ ਕਾਲੇ ਕੁੱਤੇ
ਚੌਵੀ ਘੰਟੇ ਨਸ਼ੇ ਚ ਰਹਿ ਕੇ
ਅਗਲੀ ਸੁਬਹ ਨੂੰ ਉੱਠੇ
ਐਕਸ਼ਨ ਕੋਈ ਵੀ ਲੈ ਨਾ ਸਕੀ
ਪੁਲਿਸ ਹੋਈ ਮਜਬੂਰ
ਜਾਂ ਫਿਰ ਪੁਲਿਸ ਨੇ ਪੈਸੇ ਖਾ ਲਏ
ਕੋਈ ਤਾਂ ਗੱਲ ਜ਼ਰੂਰ।

# ਡੋਂਟ ਗਲੌਰੀਫਾਈ ਡਰੱਗਜ਼

ਯਾਰੋ ਖੇਡਾਂ ਚੋਂ ਇਹਨਾਂ ਦੀ ਕਰੋ ਸਫਾਈ
ਜਿਹੜੇ ਨਸ਼ਿਆਂ ਨੂੰ ਕਰਣ ਗਲੌਰੀਫਾਈ
ਵੇਚਦੇ ਸਿਗਰਟਾਂ ਤੇ ਨਾਲੋ ਨਾਲ ਸ਼ਰਾਬ
ਚਲਦੇ ਐਦਾਂ ਨੇ ਜਿੱਦਾਂ ਕੋਈ ਨਵਾਬ
ਇਨਾਮ 'ਬਰੇਵਰੀ' ਦੇ ਵੰਡਦੇ ਫਿਰਨ ਜਨਾਬ
ਇਨਾਮ 'ਬਹਾਦਰੀ' ਦੇ ਵੰਡਦੇ ਫਿਰਨ ਜਨਾਬ
ਪਰਯੋਜਨ ਖੇਡਾਂ ਦਾ ਕਰਦੇ ਫਿਰਨ ਜਨਾਬ
ਦੇਸ਼ ਧਰੋਹੀਆਂ ਦੇ ਹੋਣ ਨਾ ਪੂਰੇ ਖਾਬ
ਚਿਹਰੇ ਇਹਨਾਂ ਦੇ ਉੱਤੇ ਪਿਆ ਨਕਾਬ
ਦੇਣਾ ਹੀ ਪੈਣਾਂ ਇਹਨਾਂ ਤਾਈਂ ਜਵਾਬ
ਕਰਨਾ ਹੀ ਪੈਣਾਂ ਇਹਨਾਂ ਨਾਲ ਹਿਸਾਬ
ਥੋੜ੍ਹੀ ਇਹਨਾਂ ਦੀ ਵੀ ਕਰ ਦਿਓ ਬੇਹਯਾਈ
ਜਿਹੜੇ ਨਸ਼ਿਆਂ ਨੂੰ ਕਰਨ ਗਲੌਰੀਫਾਈ
ਥੋੜ੍ਹੇ ਆਖੇ ਨੂੰ ਹੀ ਸਮਝੋ ਯਾਰੋ ਕਾਫੀ
ਵੱਧ ਘੱਟ ਬੋਲਣ ਦੀ ਮਾਫ ਕਰੋ ਗੁਸਤਾਖੀ
ਯਾਰੋ ਖੇਡਾਂ ਚੋਂ ਇਹਨਾਂ ਦੀ ਕਰੋ ਸਫਾਈ
ਜਿਹੜੇ ਨਸ਼ਿਆਂ ਦੀ ਇੱਜ਼ਤ ਜਾਣ ਵਧਾਈ
ਜਿਹੜੇ ਨਸ਼ਿਆਂ ਨੂੰ ਕਰਣ ਗਲੌਰੀਫਾਈ।

## ਰੋਂਦੇ ਬਾਪੂ ਨੂੰ ਆ ਜੋ ਚੁੱਪ ਕਰਾਈਏ

ਰੋਂਦੇ ਬਾਪੂ ਨੂੰ ਆ ਜੋ ਚੁੱਪ ਕਰਾਈਏ
ਉਸ ਦੇ ਜ਼ਖਮਾਂ ਤੇ ਆਪਾਂ ਮਲ੍ਹਮ ਲਗਾਈਏ
ਨੇਤਾ ਵੰਡਦੇ ਪਏ ਹੱਥੋ ਹੱਥ ਸ਼ਰਾਬ
ਠੇਕੇ ਖੋਲੇ ਨੇ ਐਨੇਂ ਬੇਹਿਸਾਬ
ਕਿ ਚਲਦੀ ਠੇਕਿਆਂ 'ਤੇ
ਸਾਡੀ ਇਹ ਸਰਕਾਰ
ਲਗਦੀ ਠੇਕਿਆਂ ਦੇ ਮੂਹਰੇ ਇੰਜ ਕਤਾਰ
ਮੰਗਲਵਾਰਾਂ ਨੂੰ ਮੰਦਰਾਂ ਦੇ ਜਿਉਂ ਬਾਹਰ
ਫੋਟੋ ਬਾਪੂ ਦੀ ਠੇਕਿਆਂ ਵਿਚ ਨਹੀਂ ਲਾਈ
ਵੈਸੇ ਬਾਪੂ ਦੀ ਕੀਤੀ ਜੱਗ ਹਸਾਈ
ਵਿਚ ਸੰਵਿਧਾਨ ਦੇ ਠੋਕ ਵਜਾ ਕੇ ਲਿਖਿਆ
ਬਾਪੂ ਗਾਂਧੀ ਨੂੰ ਦੇਸ਼ ਨੇ ਦਿੱਤੀ ਦਿੱਖਿਆ
ਤੈਨੂੰ ਸ਼ਰਧਾ ਦੇ ਦਿੰਦਾ ਦੇਸ਼ ਗੁਲਾਬ
ਸ਼ਰਾਬ ਦੀ ਬੰਦੀ ਵੱਲ ਵਧੇਗਾ ਦੇਸ਼ ਜਨਾਬ
ਗੱਲਾਂ ਭੁੱਲ ਗਈਆਂ ਸੱਤਾ ਹੱਥ ਵਿਚ ਆਈ
ਵੇਚ ਸ਼ਰਾਬਾਂ ਨੂੰ ਲੀਡਰ ਖਾਣ ਮਲਾਈ
ਪਾਣੀ ਮਿਲਦਾ ਨਹੀਂ ਸ਼ਰਾਬ ਦੀ ਲਹਿਰ ਲਗਾਈ
ਬੇਰੁਜ਼ਗਾਰੀ ਦੀ ਇੱਕੋ ਇੱਕ ਦਵਾਈ
ਪੀ ਕੇ ਨਸ਼ਿਆਂ ਨੂੰ ਸੌਂ ਜਾ ਮੇਰੇ ਬਾਈ।
ਉਸ ਨੂੰ ਸ਼ਰਧਾ ਦੇ ਫੁੱਲ ਤਾਂ ਬਹੁਤ ਚੜ੍ਹਾਉਂਦੇ
ਉਸ ਦੇ ਜ਼ਖਮਾਂ ਤੇ ਮਲ੍ਹਮ ਨਹੀਂ ਲਗਾਉਂਦੇ।
ਰੋਂਦੇ ਬਾਪੂ ਨੂੰ ਆ ਜੋ ਚੁੱਪ ਕਰਾਈਏ
'ਸੌਰੀ ਬਾਪੂ ਜੀ' ਇੰਨਾ ਕਹਿ ਕੇ ਆਈਏ
ਵਿਚ ਪੰਜਾਬ ਦੇ ਜਾਂ ਐਸੀ ਲਹਿਰ ਚਲਾਈਏ
ਆਪਣੇ ਬਾਪੂ ਨੂੰ ਕਰ ਕੇ ਕੁੱਝ ਵਿਖਾਈਏ।

## ਸਿਗਰਟ ਬੀੜੀ ਨੂੰ

ਸਿਗਰਟ ਬੀੜੀ ਨੂੰ ਸ਼ਹਿਰ ਚੋਂ ਕੱਢੋ ਬਾਹਰ
ਨਸ਼ੇ ਭਜਾਵਣ ਦਾ ਇਹ ਵੀ ਇਕ ਹਥਿਆਰ
ਹਾਕਮੋਂ ਗੱਲ ਮੰਨੋ ਦੱਸ ਸ਼ਹਿਰ ਚੁਣ ਲਓ
ਜਿੱਥੇ ਗੁਰੂਆਂ ਦੇ ਚਰਨਾਂ ਦੀ ਹੈ ਛੋਹ।
ਆਰਡਰ ਕੱਢ ਦੇਵੋ ਹੇ ਮੇਰੀ ਸਰਕਾਰ
ਬੀੜੀ ਸਿਗਰਟ ਦੀਆਂ ਦੁਕਾਨਾਂ ਲੈ ਜੋ ਬਾਹਰ।
ਅੰਮ੍ਰਿਤਸਰ ਤੋਂ ਹੀ ਕਰ ਦੇਵੋ ਸ਼ੁਰੂਆਤ
ਮੁਕਤਸਰ ਸਾਹਿਬ ਨੂੰ ਦੇਵੋ ਇਹੋ ਸੁਗਾਤ
ਮਾਛੀਵਾੜੇ ਵੀ ਮਾਰ ਕੇ ਵੇਖੋ ਝਾਤ
ਲੋਕੀਂ ਆਖਣਗੇ ਵਾਹ ਸਿੰਘਾਂ ਦੀ ਬਾਤ
ਮਾੜੀ ਭੁੱਕੀ ਤੋਂ ਸਿਗਰਟ ਬੀੜੀ ਹੁੰਦੀ
ਇਹਨੂੰ ਵੀ ਚੱਕ ਦਿਓ ਵੇਖੋ ਵਾਹ ਵਾਹ ਹੁੰਦੀ।

# ਹੋਮਿਓਪੈਥੀ

ਸਾਰੇ ਜਾਣਦੇ ਹਾਂ ਲੰਬੀ ਹੈ ਬਹੁਤ ਲੜਾਈ
ਸਾਲਾਂ ਬੱਧੀ ਇਹ ਚਲਣੀ ਮੇਰੇ ਭਾਈ
ਐਲੋਪੈਥੀ ਹੈ ਦਿੰਦੀ ਤੁਰਤ ਹਲੂਣਾ
ਆਪਣੇ ਆਪ ਚ ਇਹ ਵੱਡਾ ਰੋਗ ਲਵਾਉਣਾ
ਓਵਰ ਡੋਜ਼ ਨਸ਼ੇੜੀ ਨਸ਼ਿਆਂ ਵਾਂਗ ਹੀ ਖਾਂਦੇ
ਪਹਿਲਾ ਛੱਡ ਦਿੰਦੇ ਤੇ ਦੂਜਾ ਨਸ਼ਾ ਲਗਾਂਦੇ
ਇਹ ਵੀ ਖਤਰਾ ਹੈ ਸੁਣ ਲਉ ਮੇਰੇ ਭਾਈ
ਦੇਣੀ ਸੌਖੀ ਨਹੀਂ ਨਸ਼ੇ ਦੀ ਤੋੜ ਦਵਾਈ
ਕਿਰਣ ਬੇਦੀ ਨੇ ਦਿੱਲੀ ਵਿਚ ਅਜ਼ਮਾਇਆ
ਹੋਮਿਓਪੈਥੀ ਤੋਂ ਨਸ਼ਿਆਂ ਤਾਈਂ ਛੁੜਾਇਆ
ਨਸ਼ਾ ਛੁੜਾਵਣ ਦੇ ਉਹਨੇ ਅੱਠ ਕੇਂਦਰ ਸੀ ਖੋਲ੍ਹੇ
ਜੁਰਮ ਵੀ ਘੱਟ ਗਏ ਸੀ ਜੋ ਹੁੰਦੇ ਨਸ਼ਿਆਂ ਉਹਲੇ
ਪੈਸੇ ਵੱਲੋਂ ਵੀ ਡੁੱਬਿਆ ਹੋਇਆ ਪੰਜਾਬ
ਐਲੋਪੈਥੀ ਦਾ ਮਹਿੰਗਾ ਬਹੁਤ ਇਲਾਜ
ਹੋਮਿਓਪੈਥੀ ਨੂੰ ਵੀ ਜੰਗ ਦੇ ਵਿਚ ਲੜਾਓ
ਆਯੁਰਵੈਦਾ ਦਾ ਵੀ ਜੰਗ ਚ ਹਿੱਸਾ ਪਾਓ
ਵੈਸੇ ਵੀ ਹੈ ਸਾਡੀ ਲੰਬੀ ਬਹੁਤ ਲੜਾਈ
ਲੇਖੇ ਲੌਣੀ ਹੈ ਕੱਲੀ ਕੱਲੀ ਪਾਈ।

# ਮੈਂ ਸੌਹਰੀਂ ਨਹੀਂ ਜਾਣਾ

ਸਭ ਤੋਂ ਪਹਿਲਾਂ ਵੀਰੇ ਦਾ
ਮੈਂ ਨਸ਼ਾ ਛੁਡਾ ਕੇ ਲਿਆਣਾ
ਓਦੂੰ ਬਾਅਦ ਹੀ ਸੋਚੂੰਗੀ ਮੈਂ
ਸੋਹਰੀਂ ਕਦ ਨੂੰ ਜਾਣਾ।

ਪਹਿਲੀ ਵਾਰੀ ਲੱਗਿਆ ਮੈਨੂੰ
ਮੈਂ ਹੋ ਗਈ ਪਰਾਈ
ਐਡੀ ਵੱਡੀ ਗੱਲ ਦੀ ਮੈਨੂੰ
ਲੱਗੀ ਖਬਰ ਨਾ ਕਾਈ।

ਵੀਰਾ ਮੇਰਾ ਨਸ਼ੇ ਚ ਡੁੱਬਿਆ
ਮੈਨੂੰ ਹਵਾ ਨਾ ਲੱਗੀ
ਆਉਂਦੇ ਜਾਂਦੇ ਕਿਸੇ ਨੇ ਦੱਸਿਆ
ਤਾਂ ਮੈਂ ਘਰ ਨੂੰ ਭੱਜੀ।

ਮਾਏ ਨੀ ਤੇਰੀਆਂ ਅੱਖਾਂ ਹੇਠਾਂ
ਰੋ ਰੋ ਪੈ ਗਏ ਟੋਏ
ਬਾਪੂ ਦੇ ਚਿਹਰੇ ਤੋਂ ਲੱਗੇ
ਮੁਦਤਾਂ ਤੋਂ ਨਹੀਂ ਸੋਏ।

ਮੈਂ ਸਹੁਰੇ ਪਿੰਡ ਮੌਜਾਂ ਕਰਦੀ
ਥੋੜਾ ਦੁੱਖ ਨਾ ਜਾਣਾ
ਜੱਦ ਤੱਕ ਵੀਰਾ ਠੀਕ ਨਹੀਂ ਹੁੰਦਾ
ਮੈਂ ਸੌਹਰੀਂ ਨਹੀਂ ਜਾਣਾ।

ਸਭ ਤੋਂ ਪਹਿਲਾਂ ਵੀਰੇ ਦਾ
ਮੈਂ ਨਸ਼ਾ ਛੁਡਾ ਕੇ ਲਿਆਣਾ
ਓਦੂੰ ਬਾਦ ਹੀ ਸੋਚੂੰਗੀ ਮੈਂ
ਸੌਹਰੀਂ ਕੱਦ ਨੂੰ ਜਾਣਾ।

# ਅੱਧੀ ਅਧੂਰੀ ਜੰਗ

ਨਸ਼ਿਆਂ ਨਾਲ ਵੀ ਜੰਗ ਤੂੰ ਲੜਦੈਂ
ਅੱਧੀ ਅਤੇ ਅਧੂਰੀ
ਇਹ ਤਾਂ ਮੈਨੂੰ ਦੱਸ ਦੇ ਵੀਰਾ
ਕੀ ਤੇਰੀ ਮਜਬੂਰੀ

ਨਸ਼ਾ ਛੁਡਾਊ ਕੇਂਦਰ ਦੇ ਵਿਚ
ਰੋਟੀ ਆਉਂਦੀ ਲੰਗਰ ਦੀ
ਕੇਂਦਰ ਨੂੰ ਅਨੁਦਾਨ ਨਹੀਂ ਮਿਲਿਆ
ਏਹੋ ਗੱਲ ਹੈ ਅੰਦਰ ਦੀ।

ਠੇਕੇ ਖੋਲ੍ਹ ਕੇ ਕੱਠਾ ਕੀਤਾ
ਅਰਬਾਂ ਦਾ ਸਰਮਾਇਆ
ਲਗਦੈ ਉਹ ਵੀ ਖਰਚ ਹੋ ਗਿਆ
ਦੇਸ਼ ਦੇ ਕੰਮ ਨਾ ਆਇਆ।

ਤੈਨੂੰ ਜੰਗ ਹੀ ਲੜਨੀ ਪੈਣੀਂ
ਸੁਣ ਲੈ ਮੇਰੇ ਭਾਈ
ਥੋੜ੍ਹੇ ਦਿਨਾਂ ਚ ਛੋਟੀ ਪੈ ਜੂ
ਤੇਰੀ ਇਹ ਲੜਾਈ।

ਕੋਸ਼ਿਸ਼ ਕਰਨੀ ਪੈਣੀ ਤੈਨੂੰ
ਕਿੱਤਾ-ਮੁਖੀ ਪੜ੍ਹਾਈ ਦੀ
ਦਿਸ਼ਾ ਬਦਲਣੀ ਪੈਣੀਂ ਤੈਨੂੰ
ਤੇਰੀ ਏਸ ਲੜਾਈ ਦੀ।

# ਅਸੀਂ ਹੁੰਦੇ ਜੱਟ ਵੱਖਰੇ

ਦਾਰੂ ਪੀਣੀ ਨਹੀਂ ਨਾ ਬੱਕਰੇ ਬੁਲਾਉਣੇ
ਅਸੀਂ ਹੁੰਦੇ ਜੱਟ ਵੱਖਰੇ
ਅਸੀਂ ਖੇਡਾਂ ਵਿੱਚ ਜੌਹਰ ਵਿਖਾਉਣੇ
ਅਸੀਂ ਹੁੰਦੇ ਜੱਟ ਵੱਖਰੇ।

ਅਸੀਂ ਗਲੀਆਂ ਚ ਡਾਂਗਾਂ ਨਹੀਂ ਚਲਾਉਣੀਆਂ
ਕੁਸ਼ਤੀ ਚ ਦਾਅ ਮਾਰਨੇ।
ਅਸੀਂ ਐਸ ਤਰ੍ਹਾਂ ਪਾਉਣੀਆਂ ਕਬੱਡੀਆਂ
ਦੁਸ਼ਮਣ ਢਾਅ ਮਾਰਨੇ।

ਅਸੀਂ ਪੰਜਾਂ ਦਰਿਆਵਾਂ ਚੋਂ ਸੋਕਣਾਂ
ਨਸ਼ਿਆਂ ਦੇ ਪਾਣੀਆਂ ਨੂੰ।
ਅਸੀਂ ਨਸ਼ਿਆਂ ਤੋਂ ਦੇਸ਼ ਨੂੰ ਬਚਾਉਣਾ
ਸੱਦਾ ਦੇਵਾਂ ਹਾਣੀਆਂ ਨੂੰ।

ਆ ਜੋ ਦੱਬ ਕੇ ਲਗਾਈਏ ਨਾਹਰਾ
ਸਾਡੇ ਹੁਣ ਚੱਜ ਵੱਖਰੇ।
ਸਾਰੀ ਦੁਨੀਆਂ ਨੂੰ ਹੁਣ ਤਾਂ ਵਿਖਾਉਣੇ
ਨਵੇਂ ਸਾਡੇ ਨਾਜ਼ ਨਖਰੇ।

ਅਸੀਂ ਖੇਡਾਂ ਵਿੱਚ ਜੌਹਰ ਵਿਖਾਉਣੇ
ਅਸੀਂ ਹੁੰਦੇ ਜੱਟ ਵੱਖਰੇ।

## ਗਭਰੂ ਪੁੱਤਰ ਮਾਵਾਂ ਦੇ

ਕਈ ਗਭਰੂ ਪੁੱਤਰ ਮਾਵਾਂ ਦੇ ਮਰ ਗਏ ਸਰਕਾਰੇ
ਪੁੱਤਰ ਨਹੀਂ ਮਿਲਦੇ ਮੰਗਿਆਂ ਨਾ ਮਿਲਣ ਉਧਾਰੇ
ਜਿਵੇਂ ਕਰਜ਼ੇ ਥੱਲੇ ਡੁੱਬ ਜਾਂਦੇ ਕਿਰਸਾਨ ਵਿਚਾਰੇ
ਓਸ ਤਰ੍ਹਾਂ ਹੀ ਨਸ਼ਿਆਂ ਨੇ ਕਈ ਗਭਰੂ ਮਾਰੇ।

ਤੂੰ ਵੰਡਦੀ ਬਿਜਲੀ ਪਾਣੀ ਦੇ ਪਈ ਸ਼ਕਰਪਾਰੇ
ਪਰ ਜ਼ਿੰਦਗੀ ਦਾ ਮੁੱਲ ਪਾਉਂਦੀ ਨਹੀਂ ਮੇਰੀ ਸਰਕਾਰੇ
ਹਰ ਸੰਡੇ ਭੋਗਾਂ ਤੇ ਜਾਂਦੀ ਹੈ ਤੂੰ ਸਰਕਾਰੇ
ਪਰ ਓਥੇ ਕਿਉਂ ਨਹੀਂ ਜਾਂਦੀ ਜੋ ਨਸ਼ਿਆਂ ਨੇ ਮਾਰੇ।

ਚੁਗ ਲੈ ਜੇ ਤੂੰ ਚੁਗ ਸਕਦੀ ਹੈਂ ਡੁੱਲ੍ਹੇ ਬੇਰ
ਜਨਤਾ ਨੇ ਖਾਤਾ ਮੰਗਣਾ ਹੈ ਦੇਰ ਸਵੇਰ
ਹੁਣ ਵੀ ਤੂੰ ਸਰਕਾਰੇ ਜੇਕਰ ਕਰੇਂਗੀ ਦੇਰ
ਤੇਰੀ ਕਿਸਮਤ ਦੇ ਵਿਚ ਸਮਝੀਂ ਪਿਆ ਹਨੇਰ।

ਨਸ਼ਿਆਂ ਨੂੰ ਰੋਕਣ ਦੀ ਹੈ ਤੇਰੀ ਜ਼ਿੰਮੇਵਾਰੀ
ਤੂੰ ਡੱਕ ਦੇ ਉੱਤੇ ਹਾਰ ਗਈ ਹੈਂ ਆਪਣੀ ਪਾਰੀ
ਤੂੰ ਕਈ ਸਾਲਾਂ ਤੋਂ ਲੌਂਦੀ ਪਈ ਸੈਂ ਝੂਠੇ ਲਾਰੇ
ਤੇਰੇ ਵੱਡੇ ਵੱਡੇ ਸੂਰਮੇ ਚੋਣਾਂ ਵਿਚ ਹਾਰੇ।

ਆਜਾ ਮ੍ਰਿਤਕ ਬੱਚਿਆਂ ਦੇ ਹੁਣ ਘਰਾਂ ਨੂੰ ਜਾਈਏ
ਮਾਤਾ ਪਿਤਾ ਦੇ ਜ਼ਖਮਾਂ ਤੇ ਮਲ੍ਹਮ ਲਗਾਈਏ
ਹੁਣ ਵੀ ਤੂੰ ਸਰਕਾਰੇ ਜੇਕਰ ਕਰੇਂਗੀ ਦੇਰ
ਤੇਰੀ ਕਿਸਮਤ ਦੇ ਵਿਚ ਸਮਝੀਂ ਪਿਆ ਹਨੇਰ।

# ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ

ਮੈਨੂੰ ਭੇਜੀ ਨਾਂ ਨਸ਼ੇੜੀ ਦੇ ਨਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਹੁਣ ਮੁੰਡਿਆਂ ਦਾ ਬਾਹਲਾ ਬੁਰਾ ਹਾਲ,
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀ ਨਾਂ ਨਸ਼ੇੜੀ ਦੇ ਨਾਲ।

ਨਸ਼ਿਆਂ ਨੇ ਘੁਣ ਵਾਂਗੂੰ ਖਾ ਲਈਆਂ ਜਵਾਨੀਆਂ
ਮਰ ਜਾਂਦੇ ਆਪ ਪਿੱਛੇ ਰੋਂਦੀਆਂ ਜਨਾਨੀਆਂ
ਨਾਲੇ ਰੋਂਦੇ ਰਹਿਣ ਛੋਟੇ-ਛੋਟੇ ਬਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀ ਨਾਂ ਨਸ਼ੇੜੀ ਦੇ ਨਾਲ।

ਵੱਡੇ ਵੱਡੇ ਲੋਕਾਂ ਉੱਤੇ
ਪਏ ਹੋਏ ਪਰਦੇ
ਚੋਰੀ ਛਿਪੇ ਨਸ਼ਿਆਂ ਦਾ
ਕਾਰੋਬਾਰ ਕਰਦੇ
ਪੁੱਛੀਂ ਮਾਪਿਆਂ ਨੂੰ
ਏਦਾਂ ਦੇ ਸਵਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀ ਨਾਂ ਨਸ਼ੇੜੀ ਦੇ ਨਾਲ।

ਮੁੰਡੇ ਵਾਲਿਆਂ ਨੂੰ ਭਾਵੇਂ
ਚੰਗਾ ਨਹੀਉਂ ਲਗਦਾ
ਕਹਿ ਦੇਵੀਂ ਪਹਿਲਾਂ ਲੈਣਾ
ਟੈਸਟ ਡਰੱਗ ਦਾ
ਫਿਰ ਮਿਲੂ ਸਾਡੀ ਕੁੜੀ ਮੁੰਡੇ ਨਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀ ਨਾਂ ਨਸ਼ੇੜੀ ਦੇ ਨਾਲ।

## ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ

ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ
ਰੱਖਣਾ ਬਚਾ ਕੇ ਅਸੀਂ ਫੁੱਲ ਵੇ ਗੁਲਾਬ ਨੂੰ।
ਮੇਰਾ ਇਹ ਪੰਜਾਬ ਕਿੱਦਾਂ, ਹੋਇਆ ਬਰਬਾਦ ਕਿੱਦਾਂ
ਹਰ ਮੁੰਡਾ ਨਸ਼ੇ ਵਿੱਚ ਲੱਗਦਾ ਨਵਾਬ ਕਿੱਦਾਂ।
ਸੋਕਣਾ ਹੀ ਪੈਣਾਂ ਹੁਣ ਨਸ਼ੇ ਦੇ ਸਲ੍ਹਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾਂ ਪੰਜਾਬ ਨੂੰ.....

ਮੇਰੀ ਗੱਲ ਸੁਣੋ ਮੇਰੇ ਪੁੱਤਰੋ ਪੰਜਾਬ ਦਿਉ
ਨਾ ਮੁਰਝਾਉ ਮੇਰੇ ਫੁੱਲੋ ਵੇ ਗੁਲਾਬ ਦਿਓ
ਸਹੁੰ ਚੁੱਕੋ ਨਸ਼ਿਆਂ ਨੂੰ ਹੱਥ ਨਹੀਂ ਲਗਾਵਾਂਗੇ
ਕੱਠੇ ਹੋ ਕੇ ਫੇਰ ਤੋਂ ਪੰਜਾਬ ਨੂੰ ਬਣਾਵਾਂਗੇ
ਸੱਤਲੁੱਜ ਬਿਆਸ ਰਾਵੀ ਜੇਹਲਮ ਚਨਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾਂ ਪੰਜਾਬ ਨੂੰ.....

ਪੁਲਸੀ ਭਰਾਵੋ ਤੁਸੀਂ ਏਨਾ ਕੁ ਮਿਆਰ ਰੱਖੋ
ਆਪਣੇ ਪੰਜਾਬ ਨਾਲ ਏਨਾ ਕੁ ਪਿਆਰ ਰੱਖੋ
ਪਾਰ ਸਰਹੱਦੋਂ ਕੋਈ ਐਵੇਂ ਖੰਘ ਜਾਵੇ ਨਾ
ਨਸ਼ੇ ਦਾ ਵਪਾਰੀ ਕੋਈ ਸੁੱਕਾ ਲੰਘ ਜਾਵੇ ਨਾ
ਵੱਟੇ ਖਾਤੇ ਪਾਓ ਹੁਣ ਪਹਿਲਾਂ ਦੇ ਹਿਸਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ.....

ਕਰਦਾਂ ਅਪੀਲ ਮੈਂ ਵਕੀਲਾਂ ਨੂੰ ਭਰਾਵਾਂ ਨੂੰ
ਫੀਸ ਲੈਣ ਲੱਗੇ ਯਾਦ ਰੱਖੋ ਉਹਨਾਂ ਮਾਵਾਂ ਨੂੰ
ਨਸ਼ਿਆਂ ਦੀ ਭੇਂਟ ਚੜ੍ਹੇ ਪੁੱਤ ਜਿਹਨਾਂ ਮਾਵਾਂ ਦੇ
ਨਸ਼ੇ ਦੇ ਵਪਾਰੀਆਂ ਤੋਂ ਫੀਸ ਲੈ ਕੇ ਖਾਵਾਂਗੇ
ਜਾਂ ਫਿਰ ਆਪਣੇ ਪੰਜਾਬ ਨੂੰ ਬਚਾਵਾਂਗੇ
ਬੜੀ ਆਸ ਲੈ ਕੇ ਹੱਥ ਜੋੜਦਾਂ ਜਨਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ.....